# ਕੈਲਗਰੀ ਵਿਚ ਗੜ੍ਹੇਮਾਰੀ ਨਾਲ ਪ੍ਰਭਾਵਤ ਲੋਕਾਂ ਲਈ ਇੰਸ਼ੋਰੈਂਸ ਬਾਰੇ ਜਾਣਕਾਰੀ

ਜੂਨ 15, 2002 (ਐਡਮੰਟਨ) ਦੱਖਣੀ ਐਲਬਰਟਾ ਵਿਚ ਤਬਾਹੀ ਵਾਲੀ ਗੜ੍ਹੇਮਾਰੀ ਕਾਰਨ, ਇੰਸ਼ੋਰੈਂਸ ਬਿਊਰੋ ਆਫ਼ ਕੈਨੇਡਾ (ਆਈਬੀਸੀ) ਪ੍ਰਭਾਵਤ ਲੋਕਾਂ ਦੇ ਮੁੜ ਪੈਰਾਂ ਸਿਰ ਲਈ ਹੋਣ ਲਈ ਮਦਦ ਵਾਸਤੇ ਸਲਾਹ ਪ੍ਰਦਾਨ ਕਰ ਰਹੀ ਹੈ।

ਵੈਸਟਰਨ, ਆਈਬੀਸੀ ਦੇ ਵਾਇਸ ਪ੍ਰੈਜ਼ੀਡੈਂਟ, ਸਲਿਸਟੇ ਪਾਵਰ ਦਾ ਕਹਿਣਾ ਹੈ, 'ਅਸੀਂ ਪਿਛਲੇ ਵੀਕਐਂਡ 'ਤੇ ਕੈਲਗਰੀ ਵਿਚ ਗੜ੍ਹੇਮਾਰੀ ਨਾਲ ਪ੍ਰਭਾਵਤ ਲੋਕਾਂ ਦੇ ਨਾਲ ਹਾਂ। ਅਜੇਹੀਆਂ ਗੰਭੀਰ ਮੌਸਮੀਂ ਤਬਾਹੀਆਂ ਸਿਰਫ਼ ਮਹਿੰਗੀਆਂ ਹੀ ਨਹੀਂ ਹੁੰਦੀਆਂ ਸਗੋਂ ਘਰਾਂ ਦੇ ਮਾਲਕਾਂ ਲਈ ਬਹੁਤ ਜ਼ਿਆਦਾ ਗੜਬੜ ਅਤੇ ਤਣਾਅ ਵੀ ਪੈਦਾ ਕਰਦੀਆਂ ਹਨ। ਆਈਬੀਸੀ ਅਤੇ ਇੰਸ਼ੋਰੈਂਸ ਕੰਪਨੀਆਂ ਉਹਨਾਂ ਕਸਟਮਰਾਂ ਦੀ ਮਦਦ ਕਰਨ ਲਈ ਤਿਆਰ ਹਨ ਜਿਹਨਾਂ ਦਾ ਨੁਕਸਾਨ ਹੋਇਆ ਹੈ।''

## ਕੀ ਕੀ ਕਵਰ ਹੁੰਦਾ ਹੈ?

ਆਈਬੀਸੀ ਕਸਟਮਰਾਂ ਨੂੰ ਇਹ ਸਿਫ਼ਾਰਸ਼ ਕਰਦਾ ਹੈ ਕਿ ਇਹ ਪਤਾ ਕਰਨ ਲਈ ਕਿ ਉਹਨਾਂ ਦੀ ਸਹੀ ਇੰਸ਼ੋਰੈਂਸ ਕਵਰੇਜ਼ ਕੀ ਹੈ, ਬਾਰੇ ਸਮਝਣ ਲਈ ਆਪਣੇ ਇੰਸ਼ੋਰੈਂਸ ਪ੍ਰਤੀਨਿੱਧ ਨਾਲ ਰਾਬਤਾ ਕਰਨ।

ਜ਼ਿਆਦਾਤਰ ਘਰ/ਕਮਰਸ਼ੀਅਲ ਇੰਸ਼ੋਰੈਂਸ ਪਾਲਸੀਜ਼ ਵਿਚ ਆਮ ਤੌਰ 'ਤੇ ਗੜ੍ਹਿਆਂ ਅਤੇ ਹਨੇਰੀਆਂ ਨਾਲ ਘਰ ਜਾਂ ਬਿਜ਼ਨਿਸਾਂ ਦਾ ਹੋਇਆ ਨੁਕਸਾਨ ਕਵਰ ਹੁੰਦਾ ਹੈ। ਇਸ ਵਿਚ ਅਚਾਨਕ ਹਨੇਰੀਆਂ ਜਾਂ ਗੜ੍ਹਿਆਂ ਕਾਰਨ ਉਡ ਰਹੇ ਮਲਬੇ ਜਾਂ ਦਰਖ਼ਤਾਂ ਜਾਂ ਟਾਹਣੀਆਂ ਦੇ ਡਿੱਗਣ ਕਾਰਨ ਹੋਇਆਂ ਨੁਕਸਾਨ ਜਾਂ ਪਾਣੀ ਦੇ ਦਾਖਲ ਹੋਣ ਕਾਰਨ ਤੁਹਾਡੇ ਘਰ ਜਾਂ ਸਾਜ਼ੋ-ਸਮਾਨ ਦਾ ਹੋਇਆ ਨੁਕਸਾਨ ਵੀ ਕਵਰ ਹੁੰਦਾ ਹੈ। ਪਹਿਲਾਂ ਹੋਇਆ ਨੁਕਸਾਨ ਕਵਰ ਨਹੀਂ ਹੁੰਦਾ ਹੈ।

ਹਨੇਰੀ, ਗੜ੍ਹਿਆਂ ਜਾਂ ਪਾਣੀ ਨਾਲ ਵਹੀਕਲਜ਼ ਨੂੰ ਹੋਇਆ ਨੁਕਸਾਨ ਵੀ ਆਮ ਤੌਰ 'ਤੇ ਕਵਰ ਹੁੰਦਾ ਹੈ ਜੇ ਤੁਸੀਂ ਵਿਆਪਕ (ਕੰਪਰੀਹੈਂਸਵ) ਜਾਂ ਸਰਬ ਨੁਕਸਾਨ ਵਾਲੀ ਕਾਰ ਇੰਸ਼ੋਰੈਂਸ ਖਰੀਦੀ ਹੈ।

ਮੋਬਾਇਲ ਹੋਮਜ਼ ਜਾਂ ਟ੍ਰੈਲਰਜ਼ ਨੂੰ ਗੜ੍ਹਿਆਂ ਜਾਂ ਹਨੇਰੀਆਂ ਨਾਲ ਹੋਇਆ ਨੁਕਸਾਨ ਵੀ ਕਵਰ ਹੋ ਸਕਦਾ ਹੈ।

## ਹੁਣ ਕੀ ਕਰਨਾ ਹੈ?

ਜਦ ਸੁਰੱਖਿਅਤ ਹੋਵੇ ਤਾਂ ਕਸਟਮਰਾਂ ਨੂੰ ਚਾਹੀਦਾ ਹੈ:

ਨੁਕਸਾਨ ਦਾ ਅੰਦਾਜ਼ਾ ਲਾਓ ਅਤੇ ਆਪਣੇ ਇੰਸ਼ੋਰੈਂਸ ਪ੍ਰਤੀਨਿੱਧ ਨਾਲ ਸੰਪਰਕ ਕਰੋ। ਜ਼ਿਆਦਾਤਰ ਇਸ਼ੋਰੈਂਸ ਕੰਪਨੀਆਂ ਦੀਆਂ 24-ਘੰਟੇ ਕਲੇਮ ਸਰਵਿਸਜ਼ ਹੁੰਦੀਆਂ ਹਨ।
ਜਿੰਨਾ ਸੰਭਵ ਹੋ ਸਕੇ, ਉਹਨਾਂ ਨੂੰ ਨੁਕਸਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿਓ।
ਨੁਕਸਾਨੀਆਂ ਗਈਆਂ ਵਸਤਾਂ ਦੀ ਲਿਸਟ ਬਣਾਓ, ਜੇ ਸੰਭਵ ਹੋਵੇ ਤਾਂ ਖ਼ਰੀਦ ਦੇ ਸਬੂਤ/ਰਸੀਦਾਂ ਜਾਂ ਵਰੰਟੀਜ਼ ਨੂੰ ਇਕੱਠੇ ਕਰੋ ਅਤੇ ਨੁਕਸਾਨੀ ਗਈ ਪ੍ਰਾਪਰਟੀ ਦੀਆਂ ਫ਼ੋਟੋਆਂ ਖਿੱਚੋ।
ਕਲੀਨਅੱਪ ਅਤੇ ਘਟਨਾ ਨਾਲ ਸਬੰਧਤ ਸਾਰੀਆਂ ਰਸੀਦਾਂ ਸੰਭਾਲੋ।

## ਮੈਂ ਕਲੇਮ ਕਿਵੇਂ ਕਰ ਸਕਦਾ ਹਾਂ?

ਇੰਸ਼ੋਰੈਂਸ ਕਲੇਮਜ਼ ਲਈ ਪ੍ਰੀਕਿਰਿਆ ਸ਼ੁਰੂ ਕਰਨ ਵਾਸਤੇ ਕਸਟਮਰ ਹੇਠ ਲਿਖੇ ਕਦਮ ਉਠਾ ਸਕਦੇ ਹਨ:

ਸੰਭਾਵਤ ਨੁਕਸਾਨ ਦਾ ਅੰਦਾਜ਼ਾ ਲਗਾਓ ਅਤੇ ਰਿਕਾਰਡ ਬਣਾਓ। ਫ਼ੋਟੋਆਂ ਲੈਣਾ ਮਦਦਗਾਰ ਹੋ ਸਕਦਾ ਹੈ।

ਨੁਕਸਾਨ ਦੀ ਰਿਪੋਰਟ ਕਰਨ ਲਈ ਆਪਣੇ ਇੰਸ਼ੋਰੈਂਸ ਪ੍ਰਤੀਨਿੱਧ ਨੂੰ ਕਾਲ ਕਰੋ। ਤੁਸੀਂ ਕਿਸ ਨਾਲ ਗੱਲ ਕੀਤੀ ਸੀ ਅਤੇ ਕਦੋਂ ਕੀਤੀ ਸੀ, ਬਾਰੇ ਰਿਕਾਰਡ ਬਣਾਓ।
ਜਾਣਕਾਰੀ ਦੇਣ ਸਮੇਂ, ਜਿੰਨਾ ਸੰਭਵ ਹੋ ਸਕੇ ਵਿਸਥਾਰਪੂਰਵਕ ਹੋਵੋ ਅਤੇ ਨੋਟਸ ਬਣਾਓ।
ਜੇ ਤੁਹਾਨੂੰ ਹੋਮ, ਬਿਜ਼ਨਿਸ ਜਾਂ ਕਾਰ ਇੰਸ਼ੋਰੈਂਸ ਵਾਰੇ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਆਈਬੀਸੀ ਦੇ ਕੰਜ਼ਿਊਮਰ ਇਨਫਰਮੇਸ਼ਨ ਸੈਂਟਰ ਨੂੰ 1-844-2ask-IBC (1-844-227-5422) 'ਤੇ ਕਾਲ ਕਰੋ ਜਾਂ askibcwest@ibc.ca 'ਤੇ ਈਮੇਲ ਕਰੋ।

ਪਾਵਰ ਨੇ ਹੋਰ ਕਿਹਾ, "ਉਤਰੀ ਐਲਬਰਟਾ ਵਿਚ ਕੋਵਿਡ-19 ਅਤੇ ਹੜ੍ਹਾਂ ਕਾਰਨ ਚੱਲ ਰਹੇ ਰਾਹਤ ਕਾਰਜ਼ਾਂ ਦੇ ਬਾਵਜੂਦ, ਕੈਲਗਰੀ ਏਰੀਆ ਵਿਚ ਆਪਣੇ ਕਸਟਮਰਾਂ ਲਈ ਕਲੇਮ ਬਣਾਉਣ ਅਤੇ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਮਦਦ ਵਾਸਤੇ, ਇੰਸ਼ਰੈਂਸ ਇੰਡਸਟਰੀ ਦੇ ਪ੍ਰਤੀਨਿੰਧ ਮੌਕੇ 'ਤੇ ਹਾਜ਼ਰ ਹੋਣਗੇ। ਇੰਸ਼ਰੈਂਸ ਬਾਰੇ ਪ੍ਰਸ਼ਨਾਂ ਲਈ ਕੋਈ ਵੀ ਆਪਣੇ ਇੰਸ਼ੋਰੈਂਸ ਪ੍ਰਤੀਨਿੱਧ ਜਾਂ ਆਈਬੀਸੀ ਦੇ ਇਨਫਰਮੇਸ਼ਨ ਸੈਂਟਰ ਨਾਲ ਸੰਪਰਕ ਕਰ ਸਕਦਾ ਹੈ।"
ਮਾੜੇ ਮੌਸਮ, ਹੜ੍ਹਾਂ ਜਾਂ ਹੋਰ ਆਫ਼ਤਾਂ ਦੌਰਾਨ ਆਪਣੀ ਪ੍ਰਾਪਰਟੀ ਦਾ ਬਚਾਅ ਕਿਸ ਤਰ੍ਹਾਂ ਕਰਨਾ ਹੈ, ਬਾਰੇ ਜ਼ਿਆਦਾ ਜਾਣਕਾਰੀ ਲਈ ਆਈਬੀਸੀ ਦੀ ਵੈਬਸਾਈਟ 'ਤੇ ਜਾਓ।

## ਇੰਸ਼ੋਰੈਂਸ ਬਿਊਰੋ ਆਫ਼ ਕੈਨੇਡਾ ਬਾਰੇ

ਇੰਸ਼ੋਰੈਂਸ ਬਿਊਰੋ ਆਫ਼ ਕੈਨੇਡਾ (ਆਈਬੀਸੀ), ਕੈਨੇਡਾ ਦੇ ਪ੍ਰਾਈਵੇਟ ਹੋਮ, ਆਟੋ ਅਤੇ ਬਿਜ਼ਨਿਸ ਇੰਸ਼ੋਰੈਂਸ ਕੰਪਨੀਆਂ ਦੀ ਪ੍ਰਤੀਨਿੱਧਤਾ ਕਰਦੀ ਨੈਸ਼ਨਲ ਇੰਡਸਟਰੀ ਐਸੋਸੀਏਸ਼ਨ ਹੈ। ਇਸਦੀਆਂ ਮੈਂਬਰ ਕੰਪਨੀਆਂ ਕੈਨੇਡਾ ਵਿਚ ਪ੍ਰਾਪਰਟੀ ਅਤੇ ਜਾਨੀ (P&C) ਇੰਸ਼ੋਰੈਂਸ ਮਾਰਕਿਟ ਦਾ 90% ਹਿਸਾ ਹਨ। 50 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ, ਸਾਰੇ ਕੈਨੇਡੀਅਨਜ਼ ਲਈ ਕਿਫ਼ਾਇਤੀ ਹੋਮ, ਆਟੋ ਅਤੇ ਬਿਜ਼ਨਿਸ ਇੰਸ਼ੋਰੈਂਸ ਪ੍ਰਦਾਨ ਕਰਨ ਲਈ ਮਦਦ ਵਾਸਤੇ, ਆਈਬੀਸੀ ਸਮੁੱਚੇ ਕੈਨੇਡਾ ਵਿਚ ਸਰਕਾਰਾਂ ਨਾਲ ਕੰਮ ਕਰ ਰਹੀ ਹੈ। ਪ੍ਰਾਈਵੇਟ P&C ਇੰਸ਼ੋਰੈਂਸ ਇੰਡਸਟਰੀ ਤੇ ਵਿਸ਼ਵਾਸ਼ ਕਰਨ, ਮਾਣ ਦੇਣ ਅਤੇ ਮਦਦ ਕਰਨ ਲਈ, ਆਈਬੀਸੀ ਆਪਣੇ ਗਾਹਕਾਂ ਅਤੇ ਸਰਕਾਰ ਦੀ ਦ੍ਰਿਸ਼ਟੀ ਨੂੰ ਸਰਾਹੁੰਦੀ ਹੈ। ਇਹ ਮੁੱਖ ਮੁੱਦਿਆਂ ਨੂੰ ਉਭਾਰਦੀ ਹੈ ਅਤੇ ਆਪਣੇ ਘਰਾਂ, ਕਾਰਾਂ, ਬਿਜ਼ਨਿਸਾਂ ਅਤੇ ਪ੍ਰਾਪਰਟੀਜ਼ ਨੂੰ ਬਿਹਤਰੀਨ ਤਰੀਕੇ ਨਾਲ ਕਿਵੇਂ ਸੁਰੱਖਿਅਤ ਰੱਖਣਾ ਹੈ, ਬਾਰੇ ਗਾਹਕਾਂ ਨੂੰ ਸਮਝਾਉਣ ਲਈ ਮਦਦ ਕਰਦੀ ਹੈ।

P&C ਇੰਸ਼ੋਰੈਂਸ ਲੱਗਭੱਗ ਹਰੇਕ ਕੈਨੇਡੀਅਨ ਦੇ ਜੀਵਨ ਨੂੰ ਪ੍ਰਭਾਵਤ ਕਰਦੀ ਹੈ ਅਤੇ ਬਿਜਨਿਸਾਂ ਨੂੰ ਸੁਰੱਖਿਅਤ ਤੇ ਕੈਨੇਡੀਅਨ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਪ੍ਰਮੁੱਖ ਰੋਲ ਅਦਾ ਕਰਦੀ ਹੈ। ਇਹ 128,000 ਕੈਨੇਡੀਅਨਜ਼ ਨੂੰ ਨੌਕਰੀਆਂ ਪ੍ਰਦਾਨ ਕਰਦੀ ਹੈ, $9.4 ਬਿਲੀਅਨ ਟੈਕਸ ਅਦਾ ਕਰਦੀ ਹੈ ਅਤੇ ਇਸਦਾ ਕੁੱਲ ਪ੍ਰੀਮੀਅਮ $59.6 ਬਿਲੀਅਨ ਹੈ।

ਮੀਡੀਆ ਰੀਲੀਜ਼ ਅਤੇ ਹੋਰ ਜਾਣਕਾਰੀ ਵਾਸਤੇ, ਆਈਬੀਸੀ ਦੇ ਮੀਡੀਆ ਸੈਂਟਰ ਲਈ www.ibc.ca 'ਤੇ ਜਾਓ। Twitter @InsuranceBureau 'ਤੇ ਫਾਲੋ ਕਰੋ ਜਾਂ ਫੇਸਬੁੱਕ 'ਤੇ ਲਾਈਕ ਕਰੋ। ਜੇ ਤੁਹਾਡੇ ਹੋਮ, ਬਿਜ਼ਨਿਸ ਜਾਂ ਕਾਰ ਇੰਸ਼ੋਰੈਂਸ ਬਾਰੇ ਪ੍ਰਸ਼ਨ ਹਨ ਤਾਂ ਆਈਬੀਸੀ ਦੇ ਕੰਜ਼ਿਊਮਰ ਇਨਫਰਮੇਸ਼ਨ ਸੈਂਟਰ ਨਾਲ 1-844-2ask-IBC 'ਤੇ ਸੰਪਰਕ ਕਰੋ।

ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਇਸ ਮੀਡੀਆ ਰੀਲੀਜ਼ ਵਿਚ ਦਿਤੀ ਜਾਣਕਾਰੀ ਲਈ ਚਰਚਾ ਕਰਨ ਵਾਸਤੇ ਆਈਬੀਸੀ ਦੇ ਬੁਲਾਰੇ ਉਪਲਬੱਧ ਹਨ।

ਇੰਟਰਵਿਊ ਨਿਸਚਿੱਤ ਕਰਨ ਲਈ, ਕ੍ਰਿਪਾ ਕਰਕੇ ਸੰਪਰਕ ਕਰੋ:

ਵੈਨੀਸਾ ਬਰਾਸਾ,
ਮੈਨੇਜਰ, ਮੀਡੀਆ ਰਿਲੇਸ਼ਨਜ਼, ਆਈਬੀਸੀ
416-362-2031 ext. 4312
vbarrasa@ibc.ca